**OFFICE OF EXECUTIVE ENGINEER, ESTATE**
**PATIALA CANAL CIRCLE, PATIALA**
**DEPARTMENT OF WATER RESOURCES PUNJAB**
**(email id- xenestateibpatiala@gmail.com)**

ਨੋਟਿਸ ਬੋਲੀ ਮਿਤੀ :-. 14-06-2024

ਸੰਗਰੂਰ ਨਹਿਰ ਮੰਡਲ ਅਧੀਨ ਆਉਦੀਆ ਦੁਕਾਨਾਂ ਦੀ ਸਾਲ 2024-27 ਸਮਾਂ 01-04-2024 ਤੋ 31-03-2027 ਤੱਕ ਦੀ ਲੀਜ ਬੋਲੀ ਮਿਤੀ 28-06-2024 ਨੂੰ ਹੇਠ ਲਿਖੇ ਸਥਾਨਾ ਚ ਨਿਸਚਿਤ ਕੀਤੀ ਗਈ ਹੈ । ਜੇਕਰ ਇਸ ਮਿਤੀ ਨੂੰ ਅਚਾਨਕ ਸਰਕਾਰੀ ਛੁੱਟੀ ਹੋ ਜਾਂਦੀ ਹੈ ਤਾਂ ਅਗਲੇ ਕੰਮ ਵਾਲੇ ਦਿਨ ਬੋਲੀ ਕੀਤੀ ਜਾਵੇਗੀ । ਬੋਲੀ ਦੇਣ ਦੇ ਚਾਹਵਾਨਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਨਿਸ਼ਚਿਤ ਸਮੇ ਸਿਰ ਪੁੱਜ ਕੇ ਲਾਭ ਉਠਾਉਣ। ਬੋਲੀ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:-

1. ਦੁਕਾਨਾ ਵਾਸਤੇ ਬੋਲੀ ਦੀ ਰਾਖਵੀ ਰਕਮ (Reserve price), ਅਤੇ ਸੁਰੱਖਿਆ ਰਕਮ )Security amount) ਕੀਮਤ ਨਿਰਧਾਰਨ ਕਮੇਟੀ ਦੁਆਰਾ ਕੀਤੀ ਗਈ (ਸਲਾਨਾ) ਨਿਰਧਾਰਤ ਰਕਮ ਹੇਠ ਲਿਖੇ ਅਨੁਸਾਰ ਹੈ।

| ਲੜੀ ਨੰ. | ਦੁਕਾਨ ਦਾ ਵੇਰਵਾ | ਅਧੀਨ ਆਉਦੀਆ ਦੁਕਾਨਾਂ | ਦੁਕਾਨ ਦਾ ਖੇਤਰਫਲ | ਰਾਖਵੀ ਕੀਮਤ ਸਾਲਾਨਾ ਰੁਪਏ | ਸਕਿਉਰਟੀ ਰਕਮ | ਬੋਲੀ ਕਰਵਾਉਣ ਦੀ ਮਿਤੀ ਅਤੇ ਨਿਸਚਿਤ ਸਥਾਨ |
|---|---|---|---|---|---|---|
| 1. | **ਕੋਟਲਾ ਬਰਾਚ ਬਬਨਪੁਰ ਹੈਡ** | **ਲੱਡਾ ਉਪ ਮੰਡਲ** | 80 sqft | 6000 | 600 | **28-06-2024 (ਕਾਰਜਕਾਰੀ ਇੰਜੀਨੀਅਰ, ਸੰਗਰੂਰ ਨਹਿਰ ਮੰਡਲ, ਸੰਗਰੂਰ ਦਫਤਰ) ਸਮਾਂ 10:30 AM** |
| 2. | **ਸ਼ੇਰੋ ਰਜਵਾਹਾ ਬਰੜਵਾਲ** | | 1094 .73 sqft | 49262.85 | 5000 | |
| 3. | **ਸ਼ੇਰੋ ਰਜਵਾਹਾ ਬਰੜਵਾਲ** | | 1284.64 sqft | 57801 | 6000 | |

2. ਹਰ ਸਾਲ ਕਿਰਾਏ ਦੀ ਦਰ ਵਿੱਚ ਪਿਛਲੇ ਸਾਲ ਨਾਲੋਂ 5% ਵਾਧੇ ਦੇ ਨਾਲ ਦੁਕਾਨ 3 ਸਾਲਾਂ ਦੀ ਮਿਆਦ ਲਈ ਲੀਜ਼ 'ਤੇ ਦਿੱਤੀ ਜਾਵੇਗੀ । ਨਵੀਂ ਨਿਲਾਮੀ ਲੀਜ਼ ਦੀ ਮਿਆਦ ਦੀ ਸਮਾਪਤੀ ਜਾਂ ਕਿਸੇ ਵੀ ਲੀਜ਼ ਸਮਝੌਤੇ ਨੂੰ ਰੱਦ ਕਰਨ ਤੋਂ ਬਾਅਦ ਕੀਤੀ ਜਾਵੇਗੀ।

3. ਸਾਰੇ ਭਾਗੀਦਾਰਾਂ ਨੂੰ ਬੋਲੀ ਦੀ ਪ੍ਰਕਿਰਿਆ ਵਿਚ ਹਿੱਸਾ ਲੈਣ ਤੋਂ ਪਹਿਲਾਂ ਕੀਮਤ ਨਿਰਧਾਰਨ ਕਮੇਟੀ ਦੁਆਰਾ ਨਿਰਧਾਰਤ ਕੀਤੀ ਗਈ ਘੱਟੋ-ਘੱਟ ਸੁਰੱਖਿਆ ਰਕਮ ਜੋ ਉਪਰ ਦਿੱਤੇ ਟੇਬਲ ਦੁਕਾਨਾ ਅਨੁਸਾਰ ਦੱਸੀ ਗਈ ਹੈ ਕੈਸ਼ /ਡਿਮਾਂਡ ਡਰਾਫਟ ਦੇ ਤੌਰ ਤੇ ਜਮ੍ਹਾਂ ਕਰਾਉਣੀ ਪਾਉਗੀ । ਡਿਮਾਂਡ ਡਰਾਫਟ ਜੋ ਕਿ Executive Engineer/Sangrur Canal and Ground water Division, WRD,Sangrur. ਦੇ ਨਾਮ ਹੋਵੇਗਾ। ਇਹ ਰਕਮ (Security amount) ਨਿਲਾਮੀ ਪੂਰੀ ਹੋਣ ਤੋਂ ਬਾਅਦ ਅਸਫਲ ਬੋਲੀਕਾਰਾਂ ਨੂੰ ਵਾਪਸ ਕਰ ਦਿੱਤੀ ਜਾਵੇਗੀ ਜਦੋਂ ਕਿ ਸਫਲ ਬੋਲੀਕਾਰ ਦੀ ਸੁਰੱਖਿਆ ਰਕਮ (Security amount) ਨੂੰ ਸਫਲ ਬੋਲੀ ਦੀ ਰਕਮ ਵਿੱਚ ਐਡਜਸਟ ਕੀਤਾ ਜਾਵੇਗਾ।

4. ਸਫਲ ਬੋਲੀਕਾਰ, ਬੋਲੀ ਪ੍ਰਕਿਰਿਆ ਦੇ ਸਮਾਪਤ ਕਰਨ ਲਈ ਮੌਕੇ 'ਤੇ 2 ਮਹੀਨਿਆਂ ਦੀ ਲੀਜ਼ ਦੀ ਰਕਮ (Cash) ਦੇ ਰੂਪ ਵਿੱਚ ਮੌਕੇ ਤੇ ਜਾਂ 2 ਘੰਟਿਆ ਦੇ ਸਮੇ ਅੰਦਰ ਜਮ੍ਹਾ ਕਰਵਾਏਗਾ। ਅਜਿਹਾ ਕਰਨ ਵਿੱਚ ਅਸਫਲ ਰਹਿਣ ਦੀ ਸਥਿਤੀ ਵਿੱਚ, , ਉਸ ਦੀ Security amount ਜ਼ਬਤ ਕਰ ਲਈ ਜਾਵੇਗੀ ਅਤੇ ਬੋਲੀ ਦੀ ਪ੍ਰਕਿਰਿਆ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਸਫਲ ਬੋਲੀਕਾਰ 2 ਮਹੀਨਿਆਂ ਦੀ ਲੀਜ਼ ਰਕਮ ਜਮ੍ਹਾ ਨਹੀਂ ਕਰਵਾ ਦਿੰਦਾ। ਇਹ ਰਕਮ ਆਉਣ ਵਾਲੇ ਮਹੀਨਿਆਂ ਦੇ ਕਿਰਾਏ ਵਿੱਚ ਐਡਜਸਟ ਕੀਤੀ ਜਾਵੇਗੀ।

5. ਮਹੀਨਾਵਾਰ ਲੀਜ਼ ਦੀ ਰਕਮ ਅਲਾਟੀ ਦੁਆਰਾ ਹਰ ਮਹੀਨੇ ਦੀ 7 ਤਰੀਕ ਤੋਂ ਪਹਿਲਾਂ ਜਮ੍ਹਾ ਕਰਵਾਈ ਜਾਵੇਗੀ।

6. ਮਹੀਨਾਵਾਰ ਕਿਰਾਇਆ ਜਮ੍ਹਾ ਕਰਨ ਵਿੱਚ ਅਸਫਲ ਰਹਿਣ 'ਤੇ ਨਿਰਧਾਰਤ ਮਿਤੀ ਤੋਂ ਬਾਅਦ ਮਹੀਨਾਵਾਰ ਕਿਰਾਏ ਦੇ 20% ਵਾਧੇ ਦਾ ਜੁਰਮਾਨਾ ਲਗਾਇਆ ਜਾਵੇਗਾ। ਲਗਾਤਾਰ 3 ਮਹੀਨਿਆਂ ਲਈ ਕਿਰਾਏ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ ਲੀਜ਼ ਸਮਝੌਤੇ ਨੂੰ ਰੱਦ ਕੀਤਾ ਜਾਵੇਗਾ।

8. ਸਫਲ ਬੋਲੀਕਾਰ ਨੂੰ ਵਿਭਾਗ ਦੀ ਜ਼ਮੀਨ 'ਤੇ ਕੋਈ ਦਰੱਖਤ ਕੱਟਣ/ਵੱਢਣ/ਵਧਾਉਣ/ਕਬਜਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

9 ਰਾਖਵੀ ਕੀਮਤ (ਸਲਾਨਾ) 5000 ਦੇ ਉਪਰ, 500 ਰੁਪਏ ਪ੍ਰਤੀ ਬੋਲੀ ਵਧੇਗੀ ਅਤੇ 10,000/- ਦੇ ਉਪਰ 1000 ਰੁਪਏ ਪ੍ਰਤੀ ਬੋਲੀ ਵਧੇਗੀ ।

10. ਚਲਦੀ ਬੋਲੀ ਦੀ ਪੂਰਨ ਵਿਡੀਓਗ੍ਰਾਫੀ ਕਰਵਾਈ ਜਾਵੇਗੀ ।

11. ਸਫਲ ਬੋਲੀਕਾਰ ਨੂੰ ਅਸ਼ਟਾਮ ਤੇ ਯੋਗ ਸ਼ਰਤਾਂ ਅਨੁਸਾਰ ਐਗਰੀਮੈਂਟ ਕਰ ਕੇ ਦੇਣਾ ਪਵੇਗਾ।

12. ਦੁਕਾਨਾ ਦਾ ਕਬਜਾ ਮਿਤੀ 31-03-2027 ਨੂੰ ਬਾਅਦ ਦੁਪਹਿਰ ਛੱਡਣਾ ਪਵੇਗਾ ।

13. ਦੁਕਾਨਾਂ ਦੇ ਸੰਬੰਧ ਵਿੱਚ ਜੋ ਵੀ ਪੰਜਾਬ ਸਰਕਾਰ ਵੱਲੋ ਸਮੇ -2 ਸਿਰ ਹਦਾਇਤਾਂ ਜਾਰੀ ਹੋਣਗੀਆ, ਉਹਨਾ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇਗੀ।

14. ਬੋਲੀ ਪ੍ਰਵਾਨ ਕਰਨ ਦਾ ਜਾ ਨਾ ਕਰਨ ਦਾ ਪੂਰਾ ਅਧਿਕਾਰ ਉੱਚ ਅਧਿਕਾਰੀਆ ਨੂੰ ਹੋਵੇਗਾ।

15. ਖਾਣ-ਪੀਣ ਵਾਲੀਆ ਚੀਜਾ ਦੇ ਰੇਟ ਤੋਲ/ਮਾਪ ਦਾ ਆਧਾਰ ਮਾਰਕਿਟ ਰੇਟ ਤੇ ਵੱਧ ਨਹੀ ਹੋਣਾ ਚਾਹੀਦਾ ਅਤੇ ਉਹਨਾਂ ਦੀ ਰੇਟ ਲਿਸਟ/ Flex Board ਲਗਾਇਆ ਜਾਵੇਗਾ।

16. ਖਾਣ-ਪੀਣ ਵਾਲੀਆ ਚੀਜਾ ਵਧੀਆ ਅਤੇ ਸਦਾ ਢੱਕੀਆ ਹੋਣੀਆ ਚਾਹੀਦੀਆ ਹਨ।

17. ਬਿਜਲੀ/ ਪਾਣੀ ਦਾ ਪ੍ਰਬੰਧ ਅਤੇ ਖਪਤ ਦਾ ਖਰਚਾ ਸਫਲ ਬੋਲੀਕਾਰ ਦਾ ਹੋਵੇਗਾ।

18. ਇਹ ਕਿ ਦੁਕਾਨਾ ਦਾ ਆਲਾ-ਦੁਆਲਾ ਸਾਫ ਸੁਥਰਾ ਰੱਖਿਆ ਜਾਵੇ ਅਤੇ ਕਿਸੇ ਪ੍ਰਕਾਰ ਦਾ ਪ੍ਰਦੂਸ਼ਣ ਨਹੀਂ ਕੀਤਾ ਜਾਵੇਗਾ । ਜਿਸ ਦੀ ਉਲੰਘਣਾ ਕਰਨ ਦੀ ਜਿੰਮੇਵਾਰੀ ਖੁਦ ਬੋਲੀਕਾਰ ਦੀ ਹੋਵੇਗੀ।

19. ਸਫਲ ਬੋਲੀਕਾਰ ਦੁਕਾਨ ਤੇ ਕਿਸੇ ਪ੍ਰਕਾਰ ਦੁਰਘਟਨਾ/ ਲੜਾਈ - ਝਗੜਾ/ ਲਿਟੀਗੇਸ਼ਨ ਆਦਿ ਦਾ ਖੁਦ ਜਿੰਮੇਵਾਰ ਹੋਵੇਗਾ।

20. ਵਧੇਰੇ ਜਾਣਕਾਰੀ/ ਪੁੱਛ ਗਿੱਛ ਲਈ ਉਪ ਮੰਡਲ ਅਫਸਰ ਲੱਡਾ (Mobile No. 9914115535) ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

21. ਜਲ ਸਰੋਤ ਵਿਭਾਗ ਕੋਲ ਲੀਜ ਸਮਝੋਤੇ ਨੂੰ ਰੱਦ ਕਰਨ ਦਾ Suo-motu ਅਧਿਕਾਰ ਹੋਵੇਗਾ ਅਤੇ ਸਬੰਧਤ ਅਲਾਟੀ ਨੂੰ ਦੁਕਾਨ ਖਾਲੀ ਕਰਨ ਲਈ 15 ਦਿਨ ਦਾ ਸਮਾ ਦਿੱਤਾ ਜਾਵੇਗਾ।

22.ਜੇਕਰ ਸਫਲ ਬੋਲੀਕਾਰ ਵੱਲੋਂ ਨਿਸਚਿਤ ਖੇਤਰਫਲ ਤੋ ਜਿਆਦਾ ਏਰੀਆਂ ਵਰਤੋ ਵਿੱਚ ਲਿਆਦਾ ਜਾਦਾ ਹੈ ਤਾ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਕਮਰਸੀਅਲ ਰੇਟ ਤੇ ਜੁਰਮਾਨਾ ਵਸੂਲਿਆ ਜਾਵੇਗਾ।

23. ਜੇਕਰ ਕੋਈ ਬੋਲੀਕਾਰ ਬੋਲੀ ਪ੍ਰਕਿਰਿਆ ਦੋਰਾਨ ਕਿਸੇ ਵੀ ਤਰਾ ਦਾ ਗਲਤ ਵਿਵਹਾਰ ਜਾਂ ਅਨੁਸਾਸ਼ਨ ਭੰਗ ਕਰਦਾ ਹੈ ਤਾ ਉਸਦੀ ਸੁਰੱਖਿਆ ਰਕਮ (Security amount) ਜਬਤ ਕਰ ਲਈ ਜਾਵੇਗੀ ਅਤੇ ਉਸਨੂੰ ਬੋਲੀ ਦੋਰਾਨ ਡੀਬਾਰ ਕਰ ਦਿੱਤਾ ਜਾਵੇਗਾ।

ਕਾਰਜਕਾਰੀ ਇੰਜੀਨੀਅਰ/ਅਸਟੇਟ
ਪਟਿਆਲਾ ਨਹਿਰ ਹਲਕਾ,
ਜਲ ਸਰੋਤ ਵਿਭਾਗ,ਪੰਜਾਬ
ਪਟਿਆਲਾ ।

ਪਿੱਠ ਅੰਕਣ ਨੰਬਰ 374-88 ਮਿਤੀ 14 /06 /2024

ਉਪਰੋਕਤ ਦਾ ਉਤਾਰਾ :-

1 ਨਿਗਰਾਨ ਇੰਜੀਨੀਅਰ,ਪਟਿਆਲਾ ਨਹਿਰ ਹਲਕਾ ਜਲ ਸਰੋਤ ਵਿਭਾਗ, ਪੰਜਾਬ ਪਟਿਆਲਾ ।

2 ਨਿਗਰਾਨ ਇੰਜੀਨੀਅਰ, ਭਾਖੜਾ ਮੇਨ ਲਾਇਨ ਹਲਕਾ ਪਟਿਆਲਾ।

3 ਕਾਰਜਕਾਰੀ ਇੰਜੀਨੀਅਰ, ਲਹਿਲ / ਮਾਨਸਾ/ ਬਰਨਾਲਾ ਨਹਿਰ ਅਤੇ ਗਰਾਊਂਡ ਵਾਟਰ ਮੰਡਲ ।

4 ਕਾਰਜਕਾਰੀ ਇੰਜੀਨੀਅਰ, ਸੰਗਰੂਰ ਨਹਿਰ ਮੰਡਲ, ਨੂੰ ਲਿਖਿਆ ਜਾਂਦਾ ਹੈ ਕਿ ਕਾਪੀ ਨੋਟਿਸ ਬੋਰਡ ਤੇ ਲਗਾਈ ਜਾਵੇ।

5 ਡਿਪਟੀ ਕਮਿਸ਼ਨਰ,ਪਟਿਆਲਾ/ਸੰਗਰੂਰ/ਮਾਨਸਾ/ ਮਲੇਰਕੋਟਲਾ ।

6. ਉਪ ਮੰਡਲ ਅਫਸਰ, ਲੱਡਾ /ਮਾਹੋਰਾਣਾ/ਹਰੀਗੜ੍ਹ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਇਸ ਨੋਟਿਸ ਦੀ ਇੱਕ ਕਾਪੀ ਨੂੰ ਨੋਟਿਸ ਬੋਰਡ ਤੇ ਲਗਾਇਆ ਜਾਵੇ।

7 ਕਾਰਜਕਾਰੀ ਇੰਜੀਨੀਅਰ, ਆਈ.ਟੀ. ਮੁੱਖ ਦਫਤਰ ਚੰਡੀਗੜ੍ਹ ਜੀ ਨੂੰ ਬੋਲੀ ਨੋਟਿਸ ਨੂੰ https://irrigation.punjab.gov.in ਦੀਵੈਬਸਾਈਟ ਤੇ ਅਪਲੋਡ ਕਰਨ ਲਈ ਲਿਖਿਆ ਜਾਂਦਾ ਹੈ।

8.. ਆਮ ਜਨਤਾ ਲਈ ਨੋਟਿਸ ਬੋਰਡ।

ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ/ਅਸਟੇਟ
ਪਟਿਆਲਾ ਨਹਿਰ ਹਲਕਾ,
ਜਲ ਸਰੋਤ ਵਿਭਾਗ,ਪੰਜਾਬ
ਪਟਿਆਲਾ ।